ਸਾਰੀਆਂ ਕਾਗਜ਼ ਅਤੇ ਗੱਤੇ ਦੀਆਂ ਚੀਜ਼ਾਂ ਸ਼ਾਮਲ ਡੱਬਿਆਂ ਅਤੇ ਰਸਾਲਿਆਂ ਨੂੰ ਰੀਸਾਇਕਲ ਕਰੋ। ਆਪਣੀਆਂ ਬਾਥਰੂਮ ਦੀਆਂ ਚੀਜ਼ਾਂ ਜਿਵੇਂ ਕਿ ਟੂਥਪੇਸਟ ਦਾ ਡੱਬਾ ਅਤੇ ਟਾਇਲਟ ਰੋਲ ਦੀ ਟਿਊਬ ਨੂੰ ਭੁੱਲੋ ਨਾ।

ਇਹ ਸਾਰੀਆਂ ਚੀਜ਼ਾਂ ਤੁਹਾਡੇ ਨੀਲੇ ਰੰਗ ਦੇ ਰੀਸਾਇਕਲਿੰਗ ਬਿੰਨ ਵਿਚ ਜਾਂਦੀਆਂ ਹਨ।

ਪਲਾਸਟਿਕ ਦੀਆਂ ਬੋਤਲਾਂ, ਸ਼ੀਸ਼ੇ ਦੀਆਂ ਬੋਤਲਾਂ ਅਤੇ ਮਰਤਬਾਨਾਂ ਅਤੇ ਖਾਣੇ ਅਤੇ ਪੀਣ ਵਾਲੀਆਂ ਚੀਜ਼ਾਂ ਦੇ ਕੈਨਾਂ ਨੂੰ ਰੀਸਾਇਕਲ ਕਰੋ।

ਟਿਨ ਦੀ ਫੌਇਲ ਅਤੇ ਟਰੇਆਂ ਨੂੰ ਭੁੱਲਣਾ ਨਹੀਂ।

ਬੋਤਲਾਂ ਦੇ ਢੱਕਣਾ ਨੂੰ ਉਤਾਰੋ ਅਤੇ ਆਪਣੇ ਆਮ ਕੂੜਾ ਸੁੱਟਣ ਵਾਲੇ ਬਿੰਨ ਵਿਚ ਪਾਉ।

ਇਹ ਸਾਰੀਆਂ ਚੀਜ਼ਾਂ ਤੁਹਾਡੇ ਬ੍ਰਾਊਨ ਰੰਗ ਦੇ ਰੀਸਾਇਕਲਿੰਗ ਬਿੰਨ ਵਿਚ ਜਾਂਦੀਆਂ ਹਨ।

ਰਸੋਈ ਦੀ ਕੈਡੀ ਵਿਚ ਹਰੇ ਰੰਗ ਦਾ ਬੈਗ ਲਗਾਉ ਜਿਸ ਦੀ ਖਾਦ ਬਣ ਜਾਂਦੀ ਹੈ ਅਤੇ ਆਪਣੇ ਖਾਣੇ ਦਾ ਸਾਰਾ ਕੂੜਾ ਇਸ ਵਿਚ ਪਾਉ, ਜਿਵੇਂ ਕਿ ਸੇਬ ਦਾ ਦਰਮਿਆਨ ਵਾਲਾ ਹਿੱਸਾ, ਹੱਡੀਆਂ ਅਤੇ ਪਲੇਟਾਂ ਵਿਚ ਬਚਿਆ ਖਾਣਾ।

ਇਸ ਦੇ ਭਰ ਜਾਣ ਤੇ ਇਸ ਨੂੰ ਹਰੇ ਰੰਗ ਦੇ ਰੀਸਾਇਕਲਿੰਗ ਬਿੰਨ ਵਿਚ ਪਾਉ, ਇਸ ਵਿਚ ਗਾਰਡਨ ਦਾ ਕੂੜਾ ਵੀ ਪਾਇਆ ਜਾ ਸਕਦਾ ਹੈ।

ਹਰੇ ਰੰਗ ਦੇ ਬੈਗ ਖਤਮ ਹੋ ਜਾਣ ਤੋਂ ਪਹਿਲਾਂ ਤੁਹਾਨੂੰ ਇਸ ਰੋਲ ਦੇ ਆਖਰ ਵਿਚ ਇਕ ਟੈਗ ਮਿਲੇਗਾ, ਇਸ ਨੂੰ ਬੈਗ ਹੋਰ ਲੈਣ ਲਈ ਆਪਣੇ ਹਰੇ ਰੰਗ ਦੇ ਬਿੰਨ ਨਾਲ ਬੰਨ ਦਿਉ।

ਇਸ ਤੋਂ ਇਲਾਵਾ ਤੁਸੀਂ ਇਹ ਆਪਣੇ ਇਲਾਕੇ ਦੀ ਲਾਇਬ੍ਰੇਰੀ ਤੋਂ ਵੀ ਮੁਫਤ ਲੈ ਸਕਦੇ ਹੋ।

ਤੁਹਾਡੇ ਬਿੰਨ ਦੇ ਨਾਲ ਰੱਖਿਆ ਕੂੜਾ ਚੁੱਕਿਆ ਨਹੀਂ ਜਾਏਗਾ ਅਤੇ ਇਸ ਨੂੰ ਐਵੇਂ ਸੁੱਟੇ ਕੂੜੇ ਦੇ ਤੌਰ ਤੇ ਲਿਆ ਜਾਏਗਾ ਜਿਹੜਾ ਕਿ ਗੈਰ ਕਾਨੂੰਨੀ ਹੈ।

ਆਪਣੇ ਬਿੰਨਾਂ ਦੇ ਪਹੀਏ ਸੜਕ ਵੱਲ ਕਰਕੇ ਪਟੜੀ ਤੇ ਬਿਨਾਂ ਰੁਕਾਵਟ ਰੱਖੋ, ਤਾਂ ਕਿ ਇਸ ਤੱਕ ਬਿੰਨ ਚੁੱਕਣ ਵਾਲਿਆਂ ਦੀ ਪਹੁੰਚ ਆਸਾਨ ਹੋਵੇ।

ਜੇ ਤੁਹਾਡੇ ਕਿਸੇ ਵੀ ਬਿੰਨ ਤੇ ਟੈਗ ਲੱਗਾ ਹੈ ਕਿਉਂਕਿ ਉਸ ਵਿਚ ਗਲਤ ਸਮਾਨ ਪਾਇਆ ਹੈ, ਤਾਂ ਤੁਸੀਂ ਟੈਗ ਦੇ ਪਿਛਲੇ ਪਾਸੇ ਦਿੱਤੀ ਜਾਣਕਾਰੀ ਨੂੰ ਦੇਖੋ ਅਤੇ ਗਲਤ ਚੀਜ਼ਾਂ ਨੂੰ ਉਸ ਵਿਚੋਂ ਕੱਢੋ।

ਆਮ ਕੂੜਾ ਤੁਹਾਡੇ ਗਰੇ ਰੰਗ ਦੇ ਬਿੰਨ ਵਿਚ ਪਾਇਆ ਜਾਂਦਾ ਹੈ।

ਇਨ੍ਹਾਂ ਚੀਜ਼ਾਂ ਵਿਚ ਨੈਪੀਆਂ, ਪਲਾਸਟਿਕ ਦੇ ਬੈਗ, ਭਾਂਡੇ, ਡੱਬੇ ਅਤੇ ਖਿਡਾਉਣੇ ਅਤੇ ਫਿਲਮ ਸ਼ਾਮਲ ਹਨ।

PUNJABI